# 2020-21 ਹਾੜ੍ਹੀ ਮੰਡੀਮਕਰਨ ਮੌਸਮ ਦੌਰਾਨ ਕਾਸ਼ਤ ਦੀ ਲਾਗਤ ਉੱਤੇ ਕਣਕ ਦੀ ਸਭ ਤੋਂ ਵੱਧ ਔਸਤ ਕੁੱਲ ਆਮਦਨ ਸੀ

ਭਾਰਤ ਵਿੱਚ 2020-21 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਹਾੜ੍ਹੀ ਦੀਆਂ ਫਸਲਾਂ ਲਈ ਕਾਸ਼ਤ ਦੀ ਲਾਗਤ ਉੱਤੇ ਕਣਕ ਦੀ ਸਭ ਤੋਂ ਵੱਧ ਔਸਤ ਕੁੱਲ ਆਮਦਨ ਸੀ। ਖੇਤੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਦੀ ਗਣਨਾ ਦੇ ਅਨੁਸਾਰ, 2020-21 ਤਿਕੋਣੀ ਮਿਆਦ ਦੇ ਅੰਤ ਦੌਰਾਨ ਖੇਤੀ ਦੀ ਅਸਲ ਅਦਾ ਕੀਤੀ ਲਾਗਤ (ਏ2) ਅਤੇ ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦੇ ਮੁੱਲ (ਏ2+ਐਫਐਲ) ਉੱਤੇ ਕਣਕ ਦੀ ਔਸਤ ਕੁੱਲ ਆਮਦਨ ਕ੍ਰਮਵਾਰ 51,396 ਰੁਪਏ ਪ੍ਰਤੀ ਹੈਕਟੇਅਰ ਜਾਂ 20,558 ਰੁਪਏ ਪ੍ਰਤੀ ਏਕੜ (1 ਹੈਕਟੇਅਰ = 2.5 ਏਕੜ) ਅਤੇ 43,549 ਰੁਪਏ ਪ੍ਰਤੀ ਹੈਕਟੇਅਰ (17,419 ਰੁਪਏ ਪ੍ਰਤੀ ਏਕੜ) ਸੀ।

ਸਾਲ 2020-21 ਦੌਰਾਨ ਹਾੜ੍ਹੀ ਦੀਆਂ ਫ਼ਸਲਾਂ ਵਿੱਚੋਂ ਖੇਤੀ ਦੀਆਂ ਲਾਗਤਾਂ ਏ2 ਅਤੇ ਏ2+ਐਫਐਲ ਉੱਤੇ ਕੁਸੰਭਾ ਦੀ ਸਭ ਤੋਂ ਘੱਟ ਔਸਤ ਕੁੱਲ ਆਮਦਨ ਕ੍ਰਮਵਾਰ 6,193 ਰੁਪਏ ਪ੍ਰਤੀ ਹੈਕਟੇਅਰ (2,477 ਰੁਪਏ ਪ੍ਰਤੀ ਏਕੜ) ਅਤੇ 1,169 ਰੁਪਏ ਪ੍ਰਤੀ ਹੈਕਟੇਅਰ (477 ਰੁਪਏ ਪ੍ਰਤੀ ਏਕੜ) ਸੀ।

ਆਪਣੀ 'ਹਾੜ੍ਹੀ ਦੀਆਂ ਫਸਲਾਂ ਲਈ ਮੁੱਲ ਨੀਤੀ: ਮੰਡੀਕਰਨ ਮੌਸਮ 2023-24' ਵਿੱਚ, ਸੀ ਏ ਸੀ ਪੀ ਨੇ ਕਿਹਾ ਕਿ 2020-21 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਖੇਤੀ ਦੀ ਲਾਗਤ ਏ2 ਦੇ ਉੱਤੇ ਫ਼ੀਸਦੀ ਵਿੱਚ ਕੁੱਲ-ਭਾਰਤੀ ਔਸਤ ਕੁੱਲ ਆਮਦਨ ਤੋਰੀਆ-ਸਰ੍ਹੋਂ ਲਈ ਸਭ ਤੋਂ ਵੱਧ (199.3%) ਸੀ, ਅਤੇ ਕੁਸੰਭਾ ਲਈ ਸਭ ਤੋਂ ਘੱਟ (31.9%)। ਖੇਤੀ ਦੀ ਲਾਗਤ ਏ2+ਐਫਐਲ ਦੇ ਉੱਤੇ ਫ਼ੀਸਦੀ ਵਿੱਚ ਕੁੱਲ-ਭਾਰਤ ਔਸਤ ਕੁੱਲ ਆਮਦਨ ਕਣਕ ਲਈ ਸਭ ਤੋਂ ਵੱਧ (108.1%) ਸੀ, ਅਤੇ ਕੁਸੰਭਾ ਲਈ ਸਭ ਤੋਂ ਘੱਟ (4.8%) ਸੀ।

ਕਣਕ ਲਈ, ਖੇਤੀ ਦੀਆਂ ਲਾਗਤਾਂ ਏ2 ਅਤੇ ਏ2+ਐਫਐਲ ਦੇ ਉੱਤੇ ਪ੍ਰਤੀ ਹੈਕਟੇਅਰ ਆਮਦਨ ਹਰਿਆਣਾ ਲਈ ਸਭ ਤੋਂ ਵੱਧ ਕ੍ਰਮਵਾਰ 76,798 ਰੁਪਏ (30,719 ਰੁਪਏ ਪ੍ਰਤੀ ਏਕੜ) ਅਤੇ 70,298 ਰੁਪਏ (28,119 ਰੁਪਏ ਪ੍ਰਤੀ ਏਕੜ) ਸੀ। ਸਭ ਤੋਂ ਘੱਟ ਝਾੜ ਦੇ ਕਾਰਨ, ਕਰਨਾਟਕ ਲਈ ਖੇਤੀ ਦੀ ਲਾਗਤ ਏ2 ਉੱਤੇ ਸਭ ਤੋਂ ਘੱਟ ਆਮਦਨ (9,058 ਰੁਪਏ ਪ੍ਰਤੀ ਹੈਕਟੇਅਰ ਜਾਂ 3,623 ਰੁਪਏ ਪ੍ਰਤੀ ਏਕੜ) ਸੀ। ਝਾਰਖੰਡ ਲਈ ਖੇਤੀ ਦੀ ਲਾਗਤ ਏ2+ਐਫਐਲ ਉੱਤੇ ਖ਼ਾਸ ਤੌਰ 'ਤੇ ਘੱਟ ਝਾੜ ਅਤੇ ਉਤਪਾਦਨ ਲਈ ਵੱਧ ਅਦਾ ਕੀਤੀ ਲਾਗਤ ਕਾਰਨ ਆਮਦਨ ਸਭ ਤੋਂ ਘੱਟ (1,257 ਰੁਪਏ ਪ੍ਰਤੀ ਹੈਕਟੇਅਰ ਜਾਂ 503 ਰੁਪਏ ਪ੍ਰਤੀ ਏਕੜ) ਸੀ।

ਹਰਿਆਣਾ ਅਤੇ ਪੰਜਾਬ ਵਿੱਚ ਕੁੱਲ-ਭਾਰਤ ਨਾਲੋਂ ਵੱਧ ਝਾੜ ਅਤੇ ਕੀਮਤਾਂ ਦੇ ਕਾਰਨ ਇਹਨਾਂ ਰਾਜਾਂ ਵਿੱਚ ਕਣਕ ਦੀ ਖੇਤੀ ਦੀਆਂ ਲਾਗਤਾਂ ਏ2 ਅਤੇ ਏ2+ਐਫਐਲ ਉੱਤੇ ਆਮਦਨ ਸਾਰੇ ਭਾਰਤ ਦੀ ਔਸਤ ਨਾਲੋਂ ਵੱਧ ਸੀ।

ਦਾਲਾਂ ਵਿੱਚ, ਮੁੱਖ ਤੌਰ 'ਤੇ ਮਸਰ ਦੇ ਵੱਧ ਭਾਅ ਦੇ ਕਾਰਨ ਇਸ ਦੀ ਖੇਤੀ ਦੀਆਂ ਲਾਗਤਾਂ ਏ2 ਅਤੇ ਏ2+ਐਫਐਲ ਉੱਤੇ ਪ੍ਰਤੀ ਹੈਕਟੇਅਰ ਕੁੱਲ-ਭਾਰਤ ਆਮਦਨ ਸੀ 32,724 ਰੁਪਏ (ਰੁਪਏ 13,090 ਪ੍ਰਤੀ ਏਕੜ) ਅਤੇ 26,370 ਰੁਪਏ (ਰੁਪਏ 10,548 ਪ੍ਰਤੀ ਏਕੜ), ਜਿਹੜੀ ਕਿ ਛੋਲਿਆਂ ਨਾਲੋਂ ਵੱਧ ਸੀ। ਛੋਲਿਆਂ ਦੀ ਖੇਤੀ ਦੀਆਂ ਲਾਗਤਾਂ ਏ2 ਅਤੇ ਏ2+ਐਫਐਲ ਉੱਤੇ ਕੁੱਲ ਆਮਦਨ 29,662 ਰੁਪਏ (11,865 ਰੁਪਏ ਪ੍ਰਤੀ ਏਕੜ) ਅਤੇ 22,337 ਰੁਪਏ (8,935 ਰੁਪਏ ਪ੍ਰਤੀ ਏਕੜ) ਸੀ। 2020-21 ਤਿਕੋਣੀ ਮਿਆਦ ਦੇ ਅੰਤ ਦੌਰਾਨ ਕੁੱਲ-ਭਾਰਤ ਪੱਧਰ 'ਤੇ ਦਾਲਾਂ ਦੀ ਆਮਦਨ ਨੇ ਵਾਧੇ ਦਾ ਰੁਝਾਨ ਦਰਜ ਕੀਤਾ।

ਤੇਲ ਬੀਜਾਂ ਵਿੱਚ, ਕੁਸੰਭਾ ਦੀ ਮੁੱਖ ਤੌਰ 'ਤੇ ਬਹੁਤ ਘੱਟ ਪੈਦਾਵਾਰ ਅਤੇ ਉਤਪਾਦਨ ਦੀ ਉੱਚ ਲਾਗਤ ਦੇ ਕਾਰਨ ਤੋਰੀਆਂ-ਸਰ੍ਹੋਂ ਦੀ ਖੇਤੀ ਦੀਆਂ ਲਾਗਤਾਂ ਏ2 ਅਤੇ ਏ2+ਐਫਐਲ ਨਾਲੋਂ ਆਮਦਨ ਕਾਫ਼ੀ ਜ਼ਿਆਦਾ ਸੀ। ਤੋਰੀਆਂ-ਸਰ੍ਹੋਂ ਦੇ ਮਾਮਲੇ ਵਿੱਚ, ਪੈਦਾਵਾਰ ਅਤੇ ਕੀਮਤਾਂ ਵਿੱਚ ਵਾਧੇ ਦੇ ਕਾਰਨ 2019-20 ਦੌਰਾਨ ਆਮਦਨ ਵਿੱਚ ਕਾਫ਼ੀ ਵਾਧਾ ਹੋਇਆ, ਅਤੇ 2020-21 ਦੌਰਾਨ ਮੁੱਖ ਤੌਰ 'ਤੇ ਕੀਮਤਾਂ ਵਿੱਚ ਖ਼ਾਸ ਉਛਾਲ ਕਾਰਨ ਹੋਰ ਵਾਧਾ ਹੋਇਆ।

ਹਰਿਆਣਾ ਵਿੱਚ ਖੇਤੀ ਦੀਆਂ ਲਾਗਤਾਂ ਏ2 ਅਤੇ ਏ2+ਐਫਐਲ ਉੱਤੇ ਤੋਰੀਆ-ਸਰ੍ਹੋਂ ਦੇ ਲਈ ਪ੍ਰਤੀ ਹੈਕਟੇਅਰ ਵੱਧ ਤੋਂ ਵੱਧ ਆਮਦਨ ਕ੍ਰਮਵਾਰ 65,681 ਰੁਪਏ (26,272 ਪ੍ਰਤੀ ਏਕੜ) ਅਤੇ 59,211 ਰੁਪਏ (23,684 ਰੁਪਏ ਪ੍ਰਤੀ ਏਕੜ) ਦਰਜ ਕੀਤੀ ਗਈ ਸੀ, ਜਿਹੜੀ ਕਿ ਪਰਿਵਾਰਕ ਮਿਹਨਤ ਦੇ ਮੁੱਲ ਸਮੇਤ ਪੈਦਾਵਾਰ ਦੀ ਸਭ ਤੋਂ ਘੱਟ ਅਦਾ ਕੀਤੀ ਲਾਗਤ ਦੇ ਕਾਰਨ ਸੀ।

ਤੋਰੀਆ-ਸਰ੍ਹੋਂ ਲਈ, ਸਭ ਤੋਂ ਘੱਟ ਪੈਦਾਵਾਰ ਅਤੇ ਉਤਪਾਦਨ ਦੀ ਵੱਧ ਅਦਾ ਕੀਤੀ ਲਾਗਤ ਦੇ ਕਾਰਨ ਓਡੀਸ਼ਾ ਵਿੱਚ ਖੇਤੀ ਦੀ ਏ2 ਲਾਗਤ ਉੱਤੇ ਸਭ ਤੋਂ ਘੱਟ ਆਮਦਨ 8,864 ਰੁਪਏ ਪ੍ਰਤੀ ਹੈਕਟੇਅਰ (3,545 ਰੁਪਏ ਪ੍ਰਤੀ ਏਕੜ) ਹਾਸਿਲ ਹੋਈ। ਮੁੱਖ ਤੌਰ 'ਤੇ ਤੋਰੀਆ-ਸਰ੍ਹੋਂ ਦੀਆਂ ਸਭ ਤੋਂ ਘੱਟ ਕੀਮਤਾਂ ਦੇ ਕਾਰਨ ਅਸਾਮ ਦੇ ਲਈ ਖੇਤੀ ਦੀ ਲਾਗਤ ਏ2+ਐਫਐਲ ਉੱਤੇ ਸਭ ਤੋਂ ਘੱਟ ਆਮਦਨ 6,666 ਰੁਪਏ ਪ੍ਰਤੀ ਹੈਕਟੇਅਰ (ਰੁਪਏ 2,666 ਪ੍ਰਤੀ ਏਕੜ) ਦਰਜ ਕੀਤੀ ਗਈ।

ਸੀ ਏ ਸੀ ਪੀ ਨੇ ਕਿਹਾ ਕਿ ਖਰਚੇ ਤੋਂ ਬਾਅਦ, ਦਾਲਾਂ ਅਤੇ ਤੇਲ ਬੀਜਾਂ ਦੇ ਮੁਕਾਬਲੇ ਅਨਾਜ ਦੀ ਆਮਦਨ ਵੱਧ ਸੀ ਜਿਸਦਾ ਮੁੱਖ ਕਾਰਨ ਅਨਾਜ ਦੀ ਵੱਧ ਪੈਦਾਵਾਰ ਅਤੇ ਘੱਟ ਉਤਪਾਦਨ ਲਾਗਤ ਸੀ। ਵਾਜਬ ਤੌਰ 'ਤੇ ਵੱਧ ਪੈਦਾਵਾਰ ਅਤੇ ਉਤਪਾਦਨ ਦੀ ਘੱਟ ਲਾਗਤ ਦੇ ਕਾਰਨ, ਤੋਰੀਆ-ਸਰ੍ਹੋਂ ਨੇ ਦਾਲਾਂ ਦੇ ਮੁਕਾਬਲੇ ਵੱਧ ਆਮਦਨ ਦਰਜ ਕੀਤੀ।

**ਹਾੜ੍ਹੀ ਦੀਆਂ ਫਸਲਾਂ ਦੀ ਅਸਲ ਅਦਾ ਕੀਤੀ ਲਾਗਤ ਉੱਤੇ ਕੁੱਲ-ਭਾਰਤ ਔਸਤ ਕੁੱਲ ਆਮਦਨ (2018-19 ਤੋਂ 2020-21 ਤੱਕ ਔਸਤ)**

| **ਫ਼ਸਲ** | **ਅਸਲ ਅਦਾ ਕੀਤੀ ਲਾਗਤ** | **ਪੈਦਾਵਾਰ ਦਾ ਕੁੱਲ ਮੁੱਲ** | **ਅਸਲ ਅਦਾ ਕੀਤੀ ਲਾਗਤ ਉੱਤੇ ਕੁੱਲ ਆਮਦਨ** | |
|---|---|---|---|---|
| | **ਰੁਪਏ ਪ੍ਰਤੀ ਹੈਕਟੇਅਰ** | | **ਰੁਪਏ ਪ੍ਰਤੀ ਹੈਕਟੇਅਰ (ਕਾਲਮ 3-ਕਾਲਮ 2)** | **ਫ਼ੀਸਦੀ (ਕਾਲਮ 4/ਕਾਲਮ *100)** |
| ਕਾਲਮ 1 | ਕਾਲਮ 2 | ਕਾਲਮ 3 | ਕਾਲਮ 4 | ਕਾਲਮ 5 |
| ਕਣਕ | 31,900 | 83,836 | 51,936 | 162.8% |
| ਜੌਂ | 29,246 | 72,517 | 43,271 | 148% |
| ਛੋਲੇ | 24,208 | 53,870 | 29,662 | 122.5% |
| ਮਸਰ | 18,121 | 50,845 | 32,724 | 180.6% |
| ਸਰ੍ਹੋਂ ਅਤੇ ਤਾਰਾਮੀਰਾ | 23,601 | 70,646 | 47,046 | 199.3% |
| ਕੁਸੰਭਾ | 19,399 | 25,592 | 6,193 | 31.9% |

***ਸਰੋਤ:*** *ਸੀ ਏ ਸੀ ਪੀ ਗਣਨਾ*

**ਹਾੜ੍ਹੀ ਦੀਆਂ ਫਸਲਾਂ ਦੀ ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦੇ ਮੁੱਲ ਉੱਤੇ ਕੁੱਲ-ਭਾਰਤ ਔਸਤ ਕੁੱਲ ਆਮਦਨ (2018-19 ਤੋਂ 2020-21 ਤੱਕ ਔਸਤ)**

| **ਫ਼ਸਲ** | **ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ** | **ਪੈਦਾਵਾਰ ਦਾ ਕੁੱਲ ਮੁੱਲ** | **ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ ਉੱਤੇ ਕੁੱਲ ਆਮਦਨ** | |
|---|---|---|---|---|
| | **ਰੁਪਏ ਪ੍ਰਤੀ ਹੈਕਟੇਅਰ** | | **ਰੁਪਏ ਪ੍ਰਤੀ ਹੈਕਟੇਅਰ (ਕਾਲਮ 3-ਕਾਲਮ 2)** | **ਫ਼ੀਸਦੀ (ਕਾਲਮ 4/ਕਾਲਮ *100)** |
| ਕਾਲਮ 1 | ਕਾਲਮ 2 | ਕਾਲਮ 3 | ਕਾਲਮ 4 | ਕਾਲਮ 5 |
| ਕਣਕ | 40,287 | 83,836 | 43,549 | 108.1% |
| ਜੌਂ | 44,824 | 72,517 | 27,693 | 61.8% |
| ਛੋਲੇ | 31,533 | 53,870 | 22,337 | 70.8% |
| ਮਸਰ | 24,475 | 50,845 | 26,370 | 107.7% |
| ਸਰ੍ਹੋਂ ਅਤੇ ਤਾਰਾਮੀਰਾ | 34,402 | 70,646 | 36,244 | 105.4 |
| ਕੁਸੰਭਾ | 24,423 | 25,592 | 1,169 | 4.8% |

***ਸਰੋਤ:*** *ਸੀ ਏ ਸੀ ਪੀ ਗਣਨਾ*